

# 21ਵੀਂ ਸਦੀ ਵਿੱਚ ਰੱਬ

21ਵੀਂ ਸਦੀ ਵਿੱਚ ਸਾਨੂੰ ਰੱਬ ਦੀ ਲੋੜ ਹੈ ? ਇਕ ਸਭਿਅਚਾਰਕ ਸਮਾਜ ਦੀ ਸਥਾਪਨਾ ਵਿੱਚ ਧਰਮ ਕੀ ਕਿਰਦਾਰ ਨਿਭਾ ਸਕਦਾ ਹੈ ? ਕੀ ਮਨੁੱਖੀ ਤਰੱਕੀ ਦੇ ਵਰਤਮਾਨ ਯੁੱਗ ਵਿੱਚ ਰੱਬ ਅਤੇ ਧਰਮ ਦੀ ਕਲਪਨਾ ਦੀ ਲੋੜ ਨਹੀਂ ਹੈ ?

## ਕੀ ਰੱਬ ਇਕ ਮਨੁੱਖੀ ਕਾਢ ਹੈ ?

ਨਾਸਤਕਤਾ ਦੀ ਮੁਢੱਲੀ ਦਲੀਲ ਇਹ ਹੈ ਕਿ ਰੱਬ ਕੇਵਲ ਇਕ ਕਿਸੱਾ ਕਹਾਣੀ ਹੈ । ਇਹ ਕਿਹਾ ਜਾਂਦਾ ਹੈ ਕਿ ਰੱਬ ਦੀ ਕਲਪਨਾ, ਜੋ ਕਿ ਸਾਰਿਆਂ ਧਰਮਾ ਦੀ ਬੁਨਿਆਦ ਹੈ, ਵਾਸਤਵ ਵਿੱਚ ਮਨੁੱਖੀ ਕਾਢ ਹੈ । ਭਾਵੇਂ ਕਿ ਇਹ ਦਲੀਲ ਅਕਲ ਦੇ ਵਿਰੁਧ ਹੈ ਅਤੇ ਵਿਸਥਾਰਪੂਰਨ ਬਹਿਸ ਯੋਗ ਨਹੀਂ ਹੈ, ਕੇਵਲ ਐਨ੍ਹਾ ਆਖਣਾ ਬਹੁਤ ਹੋਵੇਗਾ ਕਿ ਹਰ ਉਹ ਚੀਜ਼ ਜੋ ਅਣਹੋਂਦ ਤੋਂ ਹੋਂਦ (ਵਜੂਦ) ਵਿੱਚ ਆਉਂਦੀ ਹੈ ਉਸ ਦਾ ਕੋਈ ਨ ਕੋਈ ਸਬਬ (ਸਿਰਜਨਹਾਰ) ਜ਼ਰੂਰ ਹੈ । ਇਹ ਆਖਣ ਮੂਰਖਤਾ ਹੈ ਕਿ ਕੋਈ ਚੀਜ਼ ਆਪ ਹੀ ਵੁਜੂਦ ਵਿੱਚ ਆ ਗਈ ਹੋਵੇ । ਸੋ, ਇਹ ਸ੍ਰਿਸ਼ਟੀ ਅਨਾਦਿ ਹੋਣ ਕਰਕੇ ਆਪਣੇ ਖ਼ਾਲਕ (ਰੱਬ) ਦੇ ਹੱਥੀ ਵੁਜੂਦ ਵਿੱਚ ਆਈ ਹੈ ।

## ਆਚਰਣਕ ਪਤਨ

ਵਰਤਮਾਨ ਯੁੱਗ ਵਿੱਚ ਮਨੁੱਖ ਨੇ ਭੌਤਕ ਤਰੱਕੀ ਦੇ ਖੇਤਰ ਵਿੱਚ ਉੱਤੱਮ ਦਰਜੇ ਦੀਆਂ ਤਰੱਕੀਆਂ ਪ੍ਰਾਪਤ ਕੀਤੀਆਂ ਹਨ, ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਬੇਚੈਨੀ ਤੇ ਖ਼ੌਫ਼ ਵਿੱਚ ਵਾਧਾ ਹੋਇਆ ਹੈ ।

ਅੰਤ ਦੁਨੀਆ ਵਿੱਚ ਅਮਨ ਦਾ ਘਾਟਾ ਕਿਉਂ ਹੈ ? ਇਹ ਇਸ ਕਰਕੇ ਹੈ ਕਿ ਮਨੁੱਖ ਇਕ ਸਮਾਜਕ ਵਿਅਕਤੀਤਵ ਦੇ ਰੂਪ ਵਿੱਚ ਆਪਣੇ ਕਰਤਵਾਂ ਨੂੰ ਅੱਖੋਂ ਓਹਲੇ ਕਰ ਰਿਹਾ ਹੈ । ਉਹ ਐਨ੍ਹਾ ਸੁਆਰਥੀ ਹੈ ਕਿ ਉਹ ਆਪਣੇ ਉਦੇਸ਼ਿਆਂ ਦੀ ਪ੍ਰਾਪਤੀ ਲਈ ਦੂਜਿਆਂ ਦੇ ਹੱਕ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ । ਮਨੁੱਖ ਦਾ ਇਹ ਆਚਰਣਕ ਪਤਨ ਹੀ ਸਮਾਜ ਵਿੱਚ ਬੇਚੈਨੀ ਫੈਲਾਉਣ ਦਾ ਸਬਬ ਬਣ ਰਿਹਾ ਹੈ ।

## ਰੱਬ ਨਾਲ ਪ੍ਰੇਮ ਦੇ ਸਿੱਟੇ ਵਿੱਚ ਮਖ਼ਲੂਕ ਨਾਲ ਪ੍ਰੇਮ ਪੈਦਾ ਹੁੰਦਾ ਹੈ

ਮਨੁੱਖ ਲਈ ਇਹ ਅਸੰਭਵ ਹੈ ਕਿ ਉਹ ਰੱਬ ਦੇ ਇਨਕਾਰੀ ਸਮਾਜ ਵਿੱਚ ਆਪਣੇ ਸਾਥੀਆਂ ਪ੍ਰਤੀ ਆਪਣੇ ਕਰਵਤਵਾਂ ਨੂੰ ਉਚਿਤ ਢੰਗ ਨਾਲ ਨੇਪਰੇ ਚਾੜ੍ਹ ਸਕੇ ।

ਮਨੁੱਖ'ਤੇ ਆਪਣੇ ਖ਼ਾਲਕ ਪ੍ਰਤੀ ਸਨਮਾਨ ਦੇ ਸਬਬ ਜੋ ਕਰਤਵ ਹੁੰਦਾ ਹੈ ਉਸੇ ਦੇ ਸਬਬ ਕਰਤਵਾਂ ਤੋਂ ਪ੍ਰਭਾਵਤ ਹੋਕੇ ਹੀ ਦੂਜਿਆਂ ਦਾ ਸਨਮਾਨ ਕਰਨਾ ਸ਼ੁਰੂ ਕਰਦਾ ਹੈ । ਸਾਰ ਰੂਪ ਇਹ ਕਿਹਾ ਜਾ ਸਕਦਾ ਹੈ ਕਿ ਇਹ ਰੱਬ ਦਾ ਪ੍ਰੇਮ ਹੀ ਹੈ ਜੋ ਉਸ



ਦੀ ਮੁਖ਼ਲੂਕ ਨਾਲ ਪ੍ਰੇਮ ਵਿੱਚ ਬਦਲ ਜਾਂਦਾ ਹੈ । ਇਹ ਇਕ ਮੂਰਖਤਾ ਭਰੀ ਗੱਲ ਹੈ ਕਿ ਮਨੁੱਖ ਰੱਬ ਤੋਂ ਬਿਨਾ ਰਹਿ ਸਕਦਾ ਹੈ । ਰੱਬ ਦੀ ਅਣਹੋਂਦ ਨਾਲ ਜੋ ਵਿੱਥ ਪੈਦਾ ਹੁੰਦੀ ਹੈ ਉਸ ਨੂੰ ਭਰਨ ਲਈ ਝੱਠ ਹੀ ਮਨੁੱਖ ਦਾ ਹਉਮੈ ਸਾਹਮਣੇ ਆ ਜਾਂਦਾ ਹੈ, ਜਿਸ ਦੇ ਸਿੱਟੇ ਵਿੱਚ ਸੁਆਰਥ ਦੀ ਭਾਵਨਾ ਤਾਕਤ ਫੜ੍ਹ ਲੈਂਦੀ ਹੈ ਅਤੇ ਉਸਦਾ ਰਾਜ ਹੋ ਜੰਦਾ ਹੈ । ਅਜਿਹੇ ਲੋਕਾਂ'ਤੇ ਅਧਾਰਤ ਸਮਾਜ ਹੰਕਾਰੀ ਤੇ ਸੁਆਰਥੀ ਰਹਿੰਦਾ ਹੈ । ਨਿ:ਸੁਆਰਥ ਹੋਕੇ ਦੂਜਿਆਂ ਨੂੰ ਲਾਭ ਪਹੁੰਚਾਉਂਣ ਦੀ ਕੋਈ ਤਰਕ ਹੀ ਬਾਕੀ ਨਹੀਂ ਰਹਿੰਦਾ । ਇਕ ਰਹਿਮਾਨ ਰੱਬ ਦੇ ਰੂਪ ਵਿੱਚ ਕੋਈ ਬਾਹਰੀ ਉਧਾਰਣ ਬਾਕੀ ਹੀ ਨਹੀਂ ਰਹਿੰਦੀ ਜੋ ਸਾਰੀਆਂ ਮਖ਼ਲੂਕਾਂ ਨੂੰ ਜੋੜਨ ਦਾ ਅਤੇ ਆਪੋ ਵਿੱਚ ਮਿਲਾਉਣ ਦਾ ਇਕੋ ਇਕ ਸਾਧਨ ਹੈ ।

## ਮੌਤ ਦੇ ਬਾਦ ਜੀਵਨ ਅਤੇ ਹਿਸਾਬ ਕਿਤਾਬ

ਭੌਤਕਤਾ ਅਨੁਸਾਰ ਜੀਵਨ ਸ਼ਊਰ (ਜਾਗਰੂਕਤਾ) ਦਾ ਇਕ ਅਸਥਾਈ ਸਮਾਂ ਹੈ ਜੋ ਕਿ ਮੌਤ ਨਾਲ ਹੀ ਖ਼ਤਮ ਹੋ ਜਾਂਦਾ ਹੈ । ਅਜਿਹੇ ਸਮਾਜ ਵਿੱਚ ਮਨੁੱਖ ਨੂੰ ਕੇਵਲ ਇਹੋ ਸੰਖੇਪ ਜਿਹਾ ਜੀਵਨ ਜੀਉਣ ਲਈ ਮਿਲਦਾ ਹੈ ।

ਕੁਰਆਨ ਕਰੀਮ ਨੇ ਇਸੇ ਅਕੀਦੇ (ਆਸਥਾ) ਨੂੰ ਇਕ ਭੌਤਕਵਾਦੀ ਸਮਾਜ ਦਾ ਸਾਰ ਦੱਸਿਆ ਹੈ । ਰੱਬ ਦੇ ਵੁਜੂਦ ਅਤੇ ਮੌਤ ਬਾਦ ਜੀਵਨ ਦੇ ਇਨਕਾਰੀ ਕਹਿੰਦੇ ਹਨ ਕਿ :

ਜੀਵਨ ਤਾਂ ਕੇਵਲ ਸਾਡੀ ਇਸ ਦੁਨੀਆ ਦਾ ਜੀਵਨ ਹੈ । ਅਸੀਂ ਕਦੇ ਮੁਰਦਾ ਅਵਸਥਾ ਵਿੱਚ ਹੁੰਦੇ ਹਾਂ ਅਤੇ ਕਦੇ ਜੀਉਂਦੀ ਅਵਸਥਾ ਵਿੱਚ । ਅਤੇ ਅਸੀਂ ਕਦੇ ਵੀ ਮਰਨ ਦੇ ਬਾਦ ਦੁਬਾਰਾ ਨਹੀਂ ਉਠਾਏ ਜਾਵਾਂਗੇ । (ਅਲਮੋਮਿਨੂਨ– 38)

ਕੇਵਲ ਇਹ ਆਖਣਾ ਕਿ ਮਨੁੱਖ ਸਮਾਜ ਪ੍ਰਤੀ ਉੱਤਰਦਾਈ ਹੈ, ਸਮੱਸਿਆ ਦਾ ਹਲ ਨਹੀਂ ਹੋਵੇਗਾ । ਕਿਉਂਕਿ ਸਮਾਜ ਪ੍ਰਤੀ ਕੀਤੇ ਜਾਣ ਵਾਲੇ ਜੁਰਮ ਕੇਵਲ ਫਿਰ ਹੀ ਜੁਰਮ ਸਮਝੇ ਜਾਂਦੇ ਹਨ ਜੱਦ ਜੁਰਮ ਕਰਨ ਦੇ ਵਿਸਵਸਨੀ ਪ੍ਰਮਾਣ ਮੌਜੂਦ ਹੋਣ । ਨਿਆਏ ਦੇ ਤਕਾਦੇ ਪੂਰੇ ਨ ਹੋਣ ਦੀ ਸੰਭਾਵਨਾ ਫਿਰ ਵੀ ਬਾਕੀ ਰਹਿੰਦੀ ਹੈ ।

ਸੋ, ਆਨੰਦ (ਮੌਜ ਮਸਤੀ) ਦੀ ਅਣਉਚਿਤ ਭਾਲ ਵਿੱਚ ਗੁੰਮ ਸਮਾਜ ਜੱਦ ਜਾਣਬੁੱਝ ਕੇ ਰੱਬ ਅਤੇ ਮੌਤ ਦੇ ਬਾਦ ਜੀਵਨ ਦਾ ਜਾਗਰੁਕ ਹੁੰਦਿਆਂ ਹੋਇਆਂ ਇਨਕਾਰ ਕਰ ਦਿੰਦਾ ਹੈ ਤਾਂ ਫਿਰ ਆਚਾਰਣਕ ਪਤਨ ਦਾ ਕਰਮ ਬਹੁਤ ਤੇਜ਼ੀ ਨਾਲ ਆਪਣੇ ਅੰਤਲੇ ਟੀਚੇ ਨੂੰ ਪਹੁੰਚ ਜਾਂਦਾ ਹੈ ।

## ਰੱਬ ਦੀ ਰਜ਼ਾ ਦੇ ਖੋਜ ਵਿੱਚ

ਸਨਮਾਨ ਪ੍ਰਾਪਤ ਕਰਨ ਦੀ ਮਨੁੱਖ ਦੀ ਸੁਭਾਵਕ ਇਛੱਾ ਨੂੰ ਸੰਮੁੱਖ ਰਖੱਦਿਆਂ ਹੋਇਆਂ ਧਰਮ ਇਹ ਐਲਾਨ ਕਰਦਾ ਹੈ ਕਿ ਹਰ ਨੇਕ ਅਮਲ ਦਾ ਪ੍ਰਤੀਫ਼ਲ ਦਿੱਤਾ ਜਾਵੇਗਾ । ਇਸਲਾਮ ਮਨੁੱਖ ਅੰਦਰ ਇਹ ਸ਼ਊਰ (ਜਾਗਰੂਕਤਾ) ਪੈਦਾ ਕਰਦਾ ਹੈ ਕਿ ਰੱਬ ਦੀ ਦ੍ਰਿਸ਼ਟੀ ਵਿੱਚ ਕਦਰ ਪੈਦਾ ਹੋਣਾ ਹੀ ਮਹਤੱਾ ਰਖੱਦਾ ਹੈ ਅਤੇ ਕੇਵਲ ਇਸੇ ਦੀ ਮਹਤੱਾ ਹੋਣੀ ਚਾਹੀਦੀ ਹੈ । ਇਹ ਸ਼ਊਰ (ਜਾਗਰੂਕਤਾ) ਉਸ ਇਛੱਾ ਨੂੰ ਦੂਰ ਕਰਦਾ ਹੈ ਕਿ ਮਨੁੱਖ ਆਪਣੇ ਚੰਗੇ ਕਰਮਾ ਦੀ ਪ੍ਰਦਰਸ਼ਨੀ ਕਰੇ ਤਾਂ ਜੋ ਦੂਜਿਆਂ ਤੋਂ ਸ਼ਲਾਘਾ ਪ੍ਰਾਪਤ ਹੋਵੇ । ਇਕ ਸੱਚੇ ਮੋਮਿਨ ਲਈ ਕੇਵਲ ਐਨ੍ਹਾ ਬਹੁਤ ਹੈ ਕਿ ਕਿ ਉਸ ਦੇ ਸਾਰੇ ਕਰਮ ਦੇਖਣ ਵਾਲੇ ਰੱਬ ਦੀ ਜਾਣਕਰੀ ਵਿੱਚ ਹਨ । ਕੁਰਆਨ ਕਰੀਮ ਫ਼ਰਮਾਉਂਦਾ ਹੈ :

ਫਿਰ ਜਿਸੇ ਨੇ ਇਕ ਕਿਣਕੇ ਬਰਾਬਰ ਵੀ ਨੇਕੀ ਕੀਤੀ ਹੋਵੇਗੀ ਉਹ ਉਸ ਦੇ ਸਿੱਟੇ ਨੂੰ ਦੇਖ ਲਏਗਾ ਅਤੇ ਜਿਸ ਨੇ ਇਕ ਕਿਣਕੇ ਬਰਾਬਰ ਵੀ ਬਦੀ ਕੀਤੀ ਹੋਵੇਗੀ ਉਹ ਉਸ ਦੇ ਸਿੱਟੇ ਨੂੰ ਦੇਖ ਲਏਗਾ । (ਸੂਰਤ ਜ਼ਿਲਜ਼ਾਲ, 8–9)

## ਧਰਮ ਤੇ ਮਨੁੱਖੀ ਕਾਂਸ਼ੰਜ਼

ਕੀ ਵਾਸਤਵ ਵਿੱਚ ਇਕ ਅਮਨ ਭਰਪੂਰ ਸਮਾਜ ਦੀ ਸਥਾਪਨਾ ਲਈ ਧਰਮ ਦੀ ਲੋੜ ਹੈ ? ਕੀ ਮਨੁੱਖ ਦੀ ਆਚਰਣਕ ਵਿਲਖੱਣਤਾ ਇਸ ਮੰਤਵ ਦੀ ਪ੍ਰਾਪਤੀ ਲਈ ਬਹੁਤ ਨਹੀਂ ?

ਕੁਰਆਨ ਕਰੀਮ ਇਸ ਵਾਸਤਵਿਕਤਾ ਨੂੰ ਪ੍ਰਮਾਣਤ ਕਰਦਾ ਹੈ ਕਿ ਮਨੁੱਖ ਨੂੰ ਇਸ ਗੱਲ ਦੀ ਬੁਨਿਆਦੀ ਸਮਝ ਪ੍ਰਦਾਨ ਕੀਤੀ ਗਈ ਹੈ ਕਿ ਸਹੀ ਤੇ ਗ਼ਲਤ ਕੀ ਹੈ । ਇਉਂ, ਫ਼ਰਮਾਉਂਦਾ ਹੈ, ਕਿ ਉਸ ਰੱਬ ਨੇ ਉਸ ਦੀ ਸੋਚ'ਤੇ ਉਸ ਦੀ

ਬਦਕਾਰੀ ਦੇ ਮਾਰਗਾਂ ਨੂੰ ਵੀ ਅਤੇ ਉਸਦੇ ਤਕਵਾ (ਸੰਜਮਤਾ) ਦੇ ਮਾਰਗਾਂ ਨੂੰ ਵੀ ਚੰਗੀ ਤਰ੍ਹਾਂ ਖੋਲ ਦਿਤੱਾ ਹੈ ।

(ਸੂਰਤ ਸ਼ਮਸ :9)

ਪਰ ਇਹ ਕਿਸੇ ਵੀ ਅਵਸਥਾ ਵਿੱਚ ਧਰਮ ਦੀ ਅਣਹੋਂਦ ਨੂੰ ਸਾਬਤ ਨਹੀਂ ਕਰਦਾ, ਵਧੇਰੀ ਖੋਜ ਇਕ ਆਚਰਣਕ ਸਮਾਜ ਦੀ ਰਚਨਾ ਵਿੱਚ ਧਰਮ ਦੀ ਲੋੜ ਨੂੰ ਸਾਬਤ ਕਰ ਦੇਵੇਗੀ ।

## ਖ਼ੁਦਮੁਖ਼ਤਿਆਰੀ

ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਸੁਭਾਉ ਦੇ ਵਿਪਰੀਤ ਕਰਮ ਕਰਨ ਦੀ ਆਜ਼ਾਦੀ ਦੇ ਸਬਬ ਮਨੁੱਖ ਲਗਭਗ ਆਪਣੀਆਂ ਆਚਰਣਕ ਕਦਰਾਂ ਕੀਮਤਾਂ ਨੂੰ ਭੁੱਲ ਗਿਆ ਹੈ । ਇਸ ਗੱਲ ਦਾ ਅਵਲੋਕਣ ਅਜਿਹੇ ਸਮਾਜਾਂ ਵਿੱਚ ਕੀਤਾ ਜਾ ਸਕਦਾ ਹੈ ਜਿੱਥੇ ਚੰਗਿਆਈ ਤੇ ਬੁਰਾਈ ਦੀ ਕੋਈ ਉਚਿਤ ਪਰਿਭਾਸ਼ਾ ਨਹੀਂ ਕੀਤੀ ਜਾਂਦੀ ਹੋਵੇ । ਇਕ ਮਨੁੱਖ ਦੀ ਦ੍ਰਿਸ਼ਟੀ ਵਿੱਚ ਜੋ ਸਹੀਂ ਹੈ, ਉਹ ਦੂਜੇ ਦੀ ਦ੍ਰਿਸ਼ਟੀ ਵਿੱਚ ਗ਼ਲਤ ਹੋ ਸਕਦਾ ਹੈ । ਸੋ, ਕੋਈ ਵੀ ਮਨੁੱਖ ਇਹ ਦਾਵਾ ਨਹੀਂ ਕਰ ਸਕਦਾ ਕਿ ਉਸ ਨੇ ਆਪਣੇ ਅਖ਼ਲਾਕੀ (ਆਚਰਣਕ) ਹੁਸਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰ ਲਿਆ ਹੈ । ਤਾਂ ਕੀ ਹੁਣ, ਮਨੁੱਖ ਨੂੰ ਉਸ ਦੇ ਸੁਭਾਉ ਬਾਰੇ ਚਿਤਾਵਨੀ ਕਰਾਏ ਜਾਣ ਦੀ ਲੋੜ ਨਹੀਂ, ਜਿਸ ਨੂੰ ਉਹ ਭੁੱਲ ਚੁੱਕਿਆ ਹੈ ? ਇਹੋ ਕੰਮ ਤਾਂ ਧਰਮ ਕਰਦਾ ਹੈ । ਕੁਰਆਨ ਕਰੀਮ ਵਿੱਚ ਆਉਂਦਾ ਹੈ ਕਿ :

ਅਤੇ ਤੇਰੇ ਉਪੱਰ ਅਸੀਂ ਇਹ ਸੰਪੂਰਨ ਕੁਰਆਨ ਨਾਜ਼ਲ ਕੀਤਾ ਹੈ ਤਾਂ ਜੋ ਤੂੰ ਸਾਰਿਆਂ ਲੋਕਾਂ ਨੂੰ ਉਹ (ਫ਼ਰਮਾਨੇ ਇਲਾਹੀ) ਜੋ ਤੇਰੇ ਰਾਹੀਂ ਉਹਨਾਂ ਵੱਲ ਨਾਜ਼ਲ (ਭੇਜਿਆ) ਕੀਤਾ ਗਿਆ ਹੈ ਖੋਲਕੇ ਦੱਸੇਂ ਤਾਂ ਜੋ ਉਹ ਇਸ'ਤੇ ਗ਼ੌਰ ਕਰਨ। (ਸੂਰਤ ਨਹਲ 45)

## ਧਰਮ ਮਨੁੱਖ ਦੀ ਆਚਰਣਕ ਸ਼ਕਤੀ ਨੂੰ ਉਤਸਾਹਤ ਕਰਦਾ ਹੈ :

ਹਰ ਮਨੁੱਖ ਅਖ਼ਲਾਕੀ (ਆਚਰਣਕ) ਖ਼ੂਬੀਆਂ ਨਾਲ ਪੈਦਾ ਹੁੰਦਾ ਹੈ ਜੋ ਹਰ ਮਨੁੱਖ ਵਿੱਚ ਅਰੰਭਕ ਅਵਸਥਾ ਵਿੱਚ ਪਾਈ ਜਾਂਦੀ ਹੈ । ਫਿਰ ਆਲ੍ਹੇ ਦੁਆਲੇ ਦਾ ਮਹੌਲ ਮਨੁੱਖ'ਤੇ ਇਉਂ ਪ੍ਰਭਾਵਤ ਹੁੰਦਾ ਹੈ ਜੋ ਉਹਨਾਂ ਖ਼ੂਬੀਆਂ ਨੂੰ ਹੋਰ ਉਭਾਰਣ ਵਿੱਚ ਜਾਂ ਮਾਰਨ ਵਿੱਚ ਇਕ ਪ੍ਰਤਖ਼ ਕਿਰਦਾਰ ਨਿਭਾਉਂਦਾ ਹੈ । ਸੋ, ਧਾਰਮਕ ਰਿਵਾਇਤਾਂ ਨੂੰ ਇਸ ਸੁਚਾਰੂ ਰੂਪ ਵਿੱਚ ਬਣਤਰ ਦਿੱਤੀ ਗਈ ਹੈ ਕਿ ਮਨੁੱਖ ਦੀਆਂ ਇਹਨਾਂ ਆਚਰਣਕ ਬੁਨਿਆਦੀ ਤੇ ਸੁਭਾਵਕ ਖ਼ੂਬੀਆਂ ਨੂੰ ਉਭਾਰਣ ਤੇ ਉਤਸਾਹਤ ਕਰਨ ਲਈ ਧਾਰਮਕ ਤੌਰ ਤਰੀਕਿਆਂ ਨਾਲ ਮਦਦ ਕਰਦੇ ਹਨ । ਉਧਾਰਣ ਵੱਜੋਂ ਇਕ ਭੁੱਖੇ ਵਿਅਕਤੀ ਨਾਲ ਹਮਦਰਦੀ ਕਰਨੀ ਅਖ਼ਲਾਕੀ (ਆਚਰਣਕ) ਖ਼ੂਬੀ ਹੈ ਫਿਰ ਇਸ ਅਨੁਭਵ ਵਿੱਚ ਉਸ ਸਮੇਂ ਤਰੱਕੀ ਹੁੰਦੀ ਹੈ ਜੱਦ ਉਹ ਮਨੁੱਖ ਰੋਜ਼ੇ ਰਖੱਦਾ ਹੈ ਅਤੇ ਵਾਸਤਵ ਵਿੱਚ ਭੁੱਖ ਦੀ ਤੀਬਰਤਾ ਨੂੰ ਅਨੁਭਵ ਕਰਦਾ ਹੈ । ਇਉਂ ਧਰਮ ਮਨੁੱਖ ਦੀ ਅਖ਼ਲਾਕੀ (ਅਚਰਣਕ) ਹਾਲਤ ਨੂੰ ਬੁਲੰਦ ਕਰਦਾ ਹੈ ਅਤੇ ਉਸ ਦੇ ਬਚਪੁਣੇ ਦੀ ਅਵਸਥਾ'ਚੋਂ ਜਵਾਨੀ ਦੀ ਅਵਸਥਾ ਤੱਕ ਪਹੁੰਚਾ ਦਿੰਦਾ ਹੈ ।

## ਕਿਉਂ ਸਾਰੇ ਧਾਰਮਕ ਲੋਕ ਚੰਗੇ ਆਚਰਣਕ ਨਹੀਂ ?

ਅਸੀਂ ਦੇਖਦੇ ਹਾਂ ਕਿ ਅਜਿਹੇ ਸਮਾਜਾਂ ਵਿੱਚ ਵੀ ਬੁਰਾਈਆਂ ਫੈਲ ਰਹੀਆ ਹਨ  ਜੋ ਰੱਬ ਅਤੇ ਯੌਮਿ ਆਖ਼ਰਤ (ਪ੍ਰਲੈ) ਦੇ ਦਿਨ ਉਪੱਰ ਦੇਖਣ ਨੂੰ ਪਕੱਾ ਇਮਾਨ ਰਖੱਦੇ ਹਨ । ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਰੱਬ ਉਪੱਰ ਇਮਾਨ ਲਿਆਉਣਾ ਇਕ ਆਚਰਣਕ ਸਮਾਜ ਦੀ ਸਥਾਪਨਾ ਲਈ ਸਹਾਇਕ ਹੋਵੇਗਾ ?

ਇਸ ਦਾ ਕਾਰਣ ਇਹ ਹੈ ਕਿ ਇਸ ਪ੍ਰਕਾਰ ਦਾ ਇਮਾਨ ਕੇਵਲ ਜਾਣਕਰੀ ਰੂਪ ਦਾ ਹੁੰਦਾ ਹੈ ਜੋ ਆਪਣੇ ਆਪ ਵਿੱਚ ਕਰਮਹੀਨ ਹੁੰਦਾ ਹੈ ਅਤੇ ਕਦੇ ਵੀ ਜ਼ਿੰਮੇਦਾਰ ਤੇ ਸਾਲੇਹ (ਨੇਕ) ਕਿਰਦਾਰ ਵਿੱਚ ਢੱਲ ਨਹੀਂ ਸਕਦਾ । ਵਾਸਤਵਿਕਤਾ ਇਹ ਹੈ ਕਿ  ਰੱਬ ਦੇ ਵੁਜੂਦ ਉਪੱਰ ਕੇਵਲ ਇਕ ਫ਼ਲਸਫ਼ੀਆਂ ਵਰਗਾ ਫਿਕੱਾ ਜਿਹਾ ਇਮਾਨ ਲੋਕਾਂ ਦੇ ਸਮਾਜਕ ਰਵੱਈਏ ਨੂੰ ਪ੍ਰਭਾਵਤ ਨਹੀਂ ਕਰ ਸਕਦਾ । ਕੇਵਲ ਤੇ ਕਵੇਲ ਇਕ ਜੀਉਂਦੇ ਰੱਬ ਉਪੱਰ ਸਚੱਾ ਤੇ ਹਕੀਕੀ ਇਮਾਨ ਹੀ ਮਨੁੱਖ ਦੇ ਰਵੱਈਏ ਨੂੰ ਤਬਦੀਲ ਕਰਦਾ ਹੈ ।

## ਇਸਲਾਮ ਇਕ ਜੀਊਂਦਾ ਰੱਬ ਪੇਸ਼ ਕਰਦਾ ਹੈ

ਉਹ ਰੱਬ, ਜੋ ਇਸਲਾਮ ਪੇਸ਼ ਕਰਦਾ ਹੈ, ਇਕ ਜੀਊਂਦਾ ਰੱਬ ਹੈ ਜੋ ਅੱਜ ਵੀ ਸੁਣਦਾ ਹੈ ਅਤੇ ਆਪਣੇ ਨੇਕ ਬੰਦਿਆਂ ਉਪੱਰ ਚਮਤਕਾਰ ਪ੍ਰਕਟ ਕਰਦਾ ਹੈ ਜਿਵੇਂ ਕਿ ਓਹ ਭੂਤਕਾਲ ਵਿੱਚ ਕਰਦਾ ਸੀ। ਕੁਰਆਨ ਕਰੀਮ ਫ਼ਰਮਾਉਂਦਾ ਹੈ

ਰੱਬ ਉਹ (ਵਜੂਦ) ਹੈ ਜਿਸ ਤੋਂ ਬਿਨਾ ਪੂਜਾ ਦਾ ਕੋਈ ਹੋਰ ਅਧਿਕਾਰੀ ਨਹੀਂ, ਕਾਮਲ ਜੀਵਨ ਵਾਲਾ, ਸਦਾ ਸਲਾਮਤ ਅਤੇ ਸਾਰਿਆਂ ਨੂੰ ਕਾਇਮ ਰਖੱਣ ਵਾਲਾ (ਸੂਰਤ ਅਲਬਕਰਹ 256)

ਅਹਮਦੀਆ ਮੁਸਲਿਮ ਜਾਮਤ ਦੇ ਬਾਨੀ ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਲੋਕਾਂ ਬਾਰੇ ਇਹ ਤੀਬਰ ਇਛੱਾ ਸੀ ਕਿ ਉਹ ਆਪਣੇ ਖ਼ਾਲਕ ਨੂੰ ਪਛਾਨਣ। ਆਪ ਅਲੈਹਿ ਸਲਾਮ ਦੀ ਇਹ ਇਛੱਾ ਆਪ ਦੇ ਇਹਨਾਂ ਸ਼ਬਦਾਂ ਤੋਂ ਪ੍ਰਕਟ ਹੁੰਦੀ ਹੈ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ :

"ਕਿੰਨ੍ਹਾ ਹੀ ਬਦਬਖ਼ਤ ਉਹ ਮਨੁੱਖ ਹੈ, ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਉਸ ਦਾ ਇਕ ਰੱਬ ਹੈ ਜੋ ਹਰ ਇਕ ਚੀਜ਼ ਉਪੱਰ ਕਾਦਰ ਹੈ। ਸਾਡਾ ਸਵਰਗ ਸਾਡਾ ਰੱਬ ਹੈ, ਸਾਡੇ ਉਤੱਮ ਆਨੰਦ ਸਾਡੇ ਰੱਬ ਵਿੱਚ ਹਨ, ਕਿਉਂਕਿ ਅਸੀਂ ਉਸ ਨੂੰ ਦੇਖਿਆ ਅਤੇ ਹਰ ਇਕ ਖ਼ੂਬੀ ਤੇ ਸੁੰਦਰਤਾ ਉਸ ਵਿੱਚ ਪਾਈ, ਇਹ ਦੌਲਤ ਲੈਂਣ ਯੋਗ ਹੈ ਜੇਕਰ ਜਾਨ ਦੇਣ ਨਾਲ ਮਿਲੇ ਅਤੇ ਇਹ ਬਹੁਮੁਲ ਮੋਤੀ ਖ਼ਰੀਦਣ ਯੋਗ ਹੈ ਜੇਕਰ ਸਾਰਾ ਵੁਜੂਦ ਗੁਆਉਣ ਦੇ ਬਾਦ ਮਿਲੇ। ਸੋ, ਹੇ ਮਹਿਰੂਮੋ (ਵਾਂਜੇ ਰਹਿ ਜਾਣ ਵਾਲਿਓ)! ਇਸ ਸੋਮੇ ਵੱਲ ਦੌੜੋ ਕਿ ਉਹ ਤੁਹਾਨੂੰ ਸੰਤੁਸ਼ਟ ਕਰੇਗਾ ਇਹ ਜੀਵਨ ਦਾ ਸੋਮਾ ਹੈ ਜੋ ਤੁਹਾਨੂੰ ਬਚਾਏਗਾ।" (ਕਸ਼ਤੀ ਏ ਨੂਹ)

## ਰੱਬ ਤੋਂ ਬਿਨਾ ਅਮਨ ਕਾਇਮ ਨਹੀਂ ਹੋ ਸਕਦਾ

ਰੱਬ ਵੱਲ ਧਿਆਨ ਕੀਤੇ ਬਿਨਾ ਮਨੁੱਖ ਅਮਨ ਪ੍ਰਾਪਤ ਨਹੀਂ ਕਰ ਸਕਦਾ ਅਤੇ ਅਮਨ ਤੋਂ ਬਿਨਾ ਸਮਾਜ ਦਾ ਅਮਨ ਉਸਾਰਿਆਂ ਨਹੀਂ ਜਾ ਸਕਦਾ। ਅਮਨ ਦੀ ਸਥਪਨਾ ਲਈ ਸਾਰੇ ਅਜਿਹੇ ਮਨੁੱਖੀ ਜਤਨ ਜੋ ਕਿ ਗੁਪਤ ਤੇ ਖ਼ੁਦਗਗਰਜ਼ੀ ਭਰਪੂਰ ਹਿਤਾਂ ਨਾਲ ਕੀਤੇ ਜਾਣ ਨਿਸ਼ਚੇ ਹੀ ਅਸਫ਼ਲ ਹੋਣ ਵਾਲੇ ਹਨ ਅਤੇ ਇਹਨਾਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੋਣ ਵਾਲਾ। ਜੇਕਰ ਕੋਈ ਰੱਬ ਮੌਜੂਦ ਨਹੀਂ ਤਾਂ ਫਿਰ ਅਮਨ ਵੀ ਕਾਇਮ ਨਹੀਂ ਹੋ ਸਕਦਾ। ਇਹੋ ਬੁਨਿਆਦੀ ਸਮਝਦਾਰੀ ਹੈ।


**Contact Details:** Ahmadiyya Muslim Jama'at India

**Head Office**

Shoba Noor-ul-Islam

Qadian, Distt. Gurdaspur, Punjab, Pin:143516

www.alislam.org /www.ahmadiyyamuslimjamaat.in

Feedback www.ahmadiyyamuslimjamaat.in/feedback

/IslamInIND /IslaminIND /+IslaminIndia /islaminindia /c/islaminindia

official blog: www.lightofislam.in

National Toll Free Number: 1800 3010 2131 (SAT-THU 9:00AM to 10:30PM)



MUSLIM TELEVISION AHMADIYYA INTERNATIONAL www.mta.tv

Satellite: Asia sat 7s, Degree: 105.5 East, Frequency 3760 Symbol Rate: 26000 FEC: Auto / C.Band 4 Feet Dish Antenna

EutelsatE70B,Degree:70° East,Frequency:11211,SymbolRate:5111,Polarization-HorizontalQPSK-1/2,KU Band 2 feet Dish Antenna